# 40 ਗ੍ਰਾਮ ਨਸ਼ੇ ਵਾਲੇ ਪਾਊਡਰ ਸਮੇਤ 2 ਗ੍ਰਿਫਤਾਰ

ਰੂਪਨਗਰ, 10 ਜਨਵਰੀ (ਵਿਜੇ)- ਸਦਰ ਪੁਲਸ ਰੂਪਨਗਰ ਨੇ ਦੋਸ਼ੀਆਂ ਨੂੰ 40 ਗ੍ਰਾਮ ਨਸ਼ੇ ਵਾਲੇ ਪਾਊਡਰ ਸਮੇਤ ਗ੍ਰਿਫਤਾਰ ਕੀਤਾ ਹੈ। ਪੁਲਸ ਦੁਆਰਾ ਦਿੱਤੀ ਗਈ ਜਾਣਕਾਰੀ 'ਚ ਏ. ਐੱਸ. ਆਈ. ਜਸਪਾਲ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਪਿੰਡ ਆਲਮਪੁਰ ਨੇੜੇ ਪੁਲੀ ਟੀ ਪੁਆਇੰਟ 'ਤੇ ਮੌਜੂਦ ਸੀ ਤਾਂ ਦੋਸ਼ੀ ਕਾਰ 'ਚ ਆਏ ਜਿਸਨੂੰ ਚੈੱਕ ਕਰਨ 'ਤੇ ਗੱਡੀ ਦੇ ਡੈਸ਼ ਬੋਰਡ 'ਚ ਪਾਰਦਰਸ਼ੀ ਮੋਮੀ ਲਿਫਾਫੇ 'ਚ 40 ਗ੍ਰਾਮ ਨਸ਼ੇ ਵਾਲਾ ਪਾਊਡਰ ਮਿਲਿਆ। ਪੁਲਸ ਨੇ ਦੋਸ਼ੀ ਨੂਰ ਮੁਹੰਮਦ ਪੁੱਤਰ ਸਲਵਰ ਦੀਨ ਵਾਸੀ ਪਿੰਡ ਮੰਗੂਵਾਲ ਦਿਵਾੜੀ , ਸ੍ਰੀ ਕੀਰਤਪੁਰ ਸਾਹਿਬ, ਸ਼ੌਕਤ ਅਲੀ ਪੁੱਤਰ ਦੀਨ ਮੁਹੰਮਦ ਨਿਵਾਸੀ ਬੇਰਮਪੁਰ, ਰੂਪਨਗਰ ਪਰਚਾ ਦਰਜ ਕਰ ਲਿਆ ਦੋਸ਼ੀਆਂ ਦੀ ਗ੍ਰਿਫਤਾਰੀ ਹੋ ਚੁੱਕੀ ਹੈ।

ਜਗ ਬਾਣੀ
ਈ-ਪੇਪਰ